ਜਮਾਤ ਸੱਤਵੀ Assignment
ਪ੍ਰਸਨ 1 ਅਣਡਿੱਠਾ ਪੈਰ੍ਹਾ-

ਸਮਾਂ ਬਹੁਤ ਕੀਮਤੀ ਹੈ। ਸਮਾਂ ਬਹੁਤ ਬਲਵਾਨ ਹੈ। ਹਰੇਕ ਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਸਮਾਂ ਇੱਕ ਵਾਰ ਹੱਥੋਂ ਨਿਕਲ ਗਿਆ ਮੁੜ ਕੇ ਹੱਥ ਨਹੀਂ ਆਉਂਦਾ। ਜੋ ਲੋਕ ਸਮੇਂ ਨੂੰ ਬਰਬਾਦ ਕਰਦੇ ਹਨ ਭਾਵ ਸਮੇਂ ਦੇ ਨਾਲ ਸਾਰੇ ਕੰਮ ਨਹੀਂ ਕਰਦੇ ਉਹ ਸਮਾਂ ਨਿਕਲ ਜਾਣ 'ਤੇ ਪਛਤਾਉਂਦੇ ਰਹਿ ਜਾਂਦੇ ਹਨ। ਸਾਡੇ ਦੇਸ਼ ਨਾਲੋਂ ਬਾਹਰਲੇ ਦੇਸ਼ ਵਿੱਚ ਸਮੇਂ ਦੀ ਬਹੁਤ ਕਦਰ ਕੀਤੀ ਜਾਂਦੀ ਹੈ। ਉਹ ਇੱਕ ਸਕਿੰਟ ਵੀ ਸਮਾਂ ਨਹੀਂ ਗੁਆਉਂਦੇ। ਉਹ ਲੋਕ ਸਮੇਂ ਨਾਲ ਉੱਠਦੇ ਹਨ, ਕੰਮ ਕਰਦੇ ਹਨ, ਆਪਣੀ ਜ਼ਿੰਦਗੀ ਦਾ ਅਨੰਦ ਮਾਣਦੇ ਹਨ। ਇਸ ਦੇ ਉਲਟ ਅਸੀਂ ਭਾਰਤੀਆਂ ਦਾ ਨਾ ਕੋਈ ਸਮਾਂ ਸੌਣ, ਖਾਣ-ਪੀਣ, ਜਾਗਣ ਜਾਂ ਪੜ੍ਹਨ ਦਾ ਹੈ ਤੇ ਨਾ ਹੀ ਜ਼ਿੰਦਗੀ ਦੇ ਆਨੰਦ ਮਾਣਨ ਦਾ। ਅਸੀਂ ਆਪਣਾ ਸਮਾਂ ਵੀ ਬਰਬਾਦ ਕਰਦੇ ਹਾਂ ਤੇ ਦੂਜਿਆਂ ਦਾ ਵੀ। ਇਹ ਨਹੀਂ ਹੋਣਾ ਚਾਹੀਦਾ। ਸਾਨੂੰ ਸਮੇਂ ਦੇ ਪਾਬੰਦ ਹੋਣ ਦੀ ਵੱਧ ਤੋਂ ਵੱਧ ਲੋੜ ਹੈ।
ਉਪਰੋਕਤ ਪੈਰ੍ਹੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਕਲਪਾਂ ਵਿੱਚੋਂ ਚੁਣੋ-

(ੳ) ਸਮਾਂ ਕੀ ਹੈ ?
1.ਬਲਵਾਨ 2. ਕਮਜ਼ੋਰ
3. ਬੇਕਾਰ 4. ਨਿਕੰਮਾ
(ਅ) ਹਰੇਕ ਨੂੰ ਸਮੇਂ ਦੀ ਕੀ ਕਰਨੀ ਚਾਹੀਦਾ ਹੈ ?
1.ਬਰਬਾਦੀ 2.ਕਦਰ
3.ਤਾਘ 4.ਕੁੱਝ ਵੀ ਨਹੀਂ
(ੲ) ਸਮਾਂ ਹੱਥੋਂ ਨਿਕਲ ਜਾਣ 'ਤੇ ਕੀ ਹੁੰਦਾ ਹੈ ?
1.ਆਨੰਦ 2. ਪਛਤਾਵਾ
3. ਖੁਸ਼ੀ 4.ਪ੍ਰਸੰਨਤਾ
(ਸ) ਕਿਹੜੇ ਲੋਕ ਸਮੇਂ ਦੇ ਪਾਬੰਦ ਹਨ
1. ਕਲਰਕ 2.ਨੇਤਾ
3.ਵਿਦੇਸੀ 4.ਦੇਸੀ
(ਹ) ਸਾਨੂੰ ਸਮੇਂ ਦੇ ਕੀ ਹੋਣਾ ਚਾਹੀਦਾ ਹੈ ?
1.ਸ਼ੌਕੀਨ 2. ਆਲ੍ਹਸੀ
3.ਅਵੇਸਲੇ 4. ਪਾਬੰਦ
ਪ੍ਰਸ਼ਨ 2 ਹੇਠਾਂ ਦਿੱਤੀ ਤਸਵੀਰ ਦਾ ਵਰਨਣ ਕਰੋ।



ਪ੍ਰਸ਼ਨ 3 ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ।

1. ਜਾਗ੍ਰਿਤੀ ਪਾਠ ਵਿੱਚ ਆਏ ਪਾਤਰਾਂ ਦੇ ਨਾਲ ਲਿਖੋ।
2. ਮੈਡਮ ਸੋਨੀਆ ਦੀ ਤਨਖਾਹ ਕਿੰਨ੍ਹੀ ਸੀ?
3. ਬਾਬੂ ਮਨੀਸ਼ ਦੇ ਕਿੰਨ੍ਹੇ ਬੱਚੇ ਸਨ?
4. ਮੈਡਮ ਸੋਨੀਆ ਬੱਚਿਆਂ ਨੂੰ ਕਿੰਨੇ ਮਹੀਨਿਆਂ ਤੋਂ ਪੜ੍ਹਾ ਰਹੀ ਸੀ?
5. ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ?
6. ਕਿਹੜੇ ਗੁਰੂ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕੀਤੀ?
7. ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਸਾਹਿਬਜ਼ਾਦੇ ਸਨ?
8. 'ਸਿੰਘ'ਸ਼ਬਦ ਦਾ ਕੀਅਰਥ ਹੈ?
9. ਛੋਟੇ ਸਾਹਿਬਜ਼ਾਦਿਆਂ ਨੂੰ ਕਿਸ ਨੇ ਸ਼ਹੀਦ ਕਰਵਾਇਆ ?
10. ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਸ ਥਾਂ ਤੋਂ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ?